**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਪ੍ਰਧਾਨ
ਗੁਰੂ ਤੇਗ ਬਹਾਦਰ ਚੈਰੀਟੇਬਲ ਹੈਲਥ ਐਂਡ ਐਜੂਕੇਸ਼ਨ ਟਰੱਸਟ
ਦਸ਼ਮੇਸ਼ ਮਾਰਕੀਟ, ਨਵੀਂ ਅਬਾਦੀ, ਧਾਰੀਵਾਲ
ਗੁਰਦਾਸਪੁਰ।

ਮੀਮੋ ਨੰ: 24/3/2008/Ngo/Grant/Gsr/45744
ਮਿੱਤੀ ਚੰਡੀਗੜ੍ਹ: 8-07-2010

**ਵਿਸ਼ਾ: – ਗੈਰ ਸਰਕਾਰੀ ਸੰਗਠਨ ਗੁਰੂ ਤੇਗ ਬਹਾਦਰ ਚੈਰੀਟੇਬਲ ਹੈਲਥ ਐਂਡ ਐਜੂਕੇਸ਼ਨ ਟਰੱਸਟ ਨੂੰ ਮਾੜੀ ਕਾਰਗੁਜ਼ਾਰੀ ਵੱਜੋਂ ਬਲੈਕ ਲਿਸਟ ਕਰਨ ਬਾਰੇ।**

**ਹਵਾਲਾ: –** ਇਸ ਦਫ਼ਤਰ ਦੇ ਪੱਤਰ ਨੰ: 24/3/2008/Ngo/Grant/Gsr/48530-32, 56110-11 ਅਤੇ 73451 ਮਿਤੀ: 19/12/08, 3/08/09 ਅਤੇ 26/10/09

**1.0** ਇਸ ਦਫ਼ਤਰ ਵਲੋਂ ਜਾਰੀ ਕੀਤੇ ਹਵਾਲਾ ਅਧੀਨ ਪਿਠ ਅੰਕਿਤ ਨੰਬਰ ਦੀ ਲਗਾਤਾਰਤਾ ਵਿਚ ਆਪ ਨੂੰ ਮੁੜ ਦੱਸਿਆ ਜਾਂਦਾ ਹੈ ਕਿ ਆਪ ਦੀ ਸੰਸਥਾ ਅਤੇ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿਚਕਾਰ ਮਿਤੀ: 28-07-2009 ਨੂੰ ਕੀਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ 8-14 ਸਾਲ ਦੇ ਸਕੂਲੋਂ ਵਿਰਵੇ 1024 ਬੱਚਿਆਂ ਨੂੰ 6 ਤੋਂ 8 ਮਹੀਨੇ ਏ.ਆਈ.ਈ ਕੇਂਦਰਾਂ ਵਿਚ ਪੜਾਉਣ ਉਪਰੰਤ ਉਹਨਾ ਨੂੰ ਉਮਰ ਅਤੇ ਮਾਨਸਕ ਪੱਧਰ ਅਨੁਸਾਰ ਫਾਰਮਲ ਸਕੂਲਾਂ ਵਿਚ ਦਾਖਲ ਕਰਵਾਉਣਾ ਅਤੇ ਇਹਨਾ ਬੱਚਿਆਂ ਦੀ 6 ਮਹੀਨੇ ਤੱਕ ਮੋਨਿੰਟਰਿੰਗ ਕਰਨ ਦੀ ਪੂਰੀ ਜੁੰਮੇਵਾਰੀ ਆਪ ਦੀ ਸੰਸਥਾ ਦੀ ਸੀ ਜੋ ਕਿ ਆਪ ਵਲੋਂ ਨਹੀ ਕੀਤੀ ਗਈ ਹੈ।

**2.0** ਆਪ ਵਲੋਂ ਚਲਾਏ ਗਏ ਏ.ਆਈ.ਈ ਕੇਂਦਰ ਦਾ ਜ਼ਿ.ਸਿ.ਅ(ਐ.ਸਿ) ਅਤੇ ਰਾਜ ਪੱਧਰ ਦੇ ਅਧਿਕਾਰੀਆਂ ਵਲੋਂ ਬਾਰ-ਬਾਰ ਨਿਰੀਖਣ ਕੀਤਾ ਗਿਆ। ਹਰ ਨਿਰੀਖਣ ਦੌਰਾਨ ਆਪ ਦੇ ਕੇਂਦਰਾਂ ਵਿਚ ਕਈ ਤਰ੍ਹਾਂ ਦੀਆਂ ਕਮੀਆਂ ਪਾਈਆਂ ਗਈਆਂ ਜਿਵੇਂ ਕਿ ਬੱਚਿਆਂ ਨੂੰ ਵਿਦਿਅਕ ਅਤੇ ਨਿੱਜੀ ਸਹੂਲਤਾਂ ਉਪਲੱਬਧ ਨਹੀ ਕਰਵਾਈਆ ਗਈਆਂ। ਆਪ ਵਲੋਂ ਦਿੱਤੀ ਗਈ ਮੇਨਸਟਰੀਮ ਹੋਏ ਬੱਚਿਆਂ ਦੀ ਲਿਸਟ ਵਿਚੋਂ ਕੇਵਲ 461 ਬੱਚੇ ਹੀ ਰੈਗੁਲਰ ਸਕੂਲ ਵਿਚ ਦਾਖਲ ਪਾਏ ਗਏ ਹਨ।

**3.0** ਆਪ ਵਲੋਂ ਮਿਤੀ 3/12/2009 ਨੂੰ ਨਿੱਜੀ ਸੁਣਵਾਈ ਦੌਰਾਨ ਇਹ ਵੀ ਆਸ਼ਵਾਸ਼ਨ ਦਿੱਤਾ ਗਿਆ ਸੀ ਕਿ ਸਮੂਹ ਏ.ਆਈ.ਈ ਕੇਂਦਰਾਂ ਦੇ ਬੱਚਿਆਂ ਨੂੰ ਮਿਤੀ 25/09/09 ਤੱਕ ਮੇਨਸਟਰੀਮ ਕਰਵਾ ਦਿੱਤਾ ਜਾਵੇਗਾ ਜੋ ਕਿ ਆਪ ਵਲੋਂ ਅਜੇ ਤੱਕ ਨਹੀ ਕੀਤਾ ਗਿਆ।

**4.0** ਏ.ਆਈ.ਈ ਕੇਂਦਰਾਂ ਨੂੰ ਇਕਰਾਰਨਾਮੇ ਦੀਆਂ ਸਰਤਾਂ ਅਨੁਸਾਰ ਨਾ ਚਲ੍ਹਾ ਕਿ ਜਿਥੇ ਤੁਹਾਡੀ ਸੰਸਥਾ ਨੇ ਸਰਕਾਰ ਨੂੰ ਵਿੱਤੀ ਨੁਕਸਾਨ ਪਹੁਚਾਇਆ ਹੈ ਉਥੇ ਮਾਸੂਮ ਬੱਚਿਆਂ ਦੇ ਭੱਵਿਖ ਨਾਲ ਵੀ ਖਿਲਵਾੜ ਕੀਤਾ ਹੈ।

**5.0** ਆਪ ਦੀ ਮਾੜੀ ਅਤੇ ਬੇਨਿਯਤ ਕਾਰਗੁਜ਼ਾਰੀ ਵਜੋਂ ਸਰਵ ਸਿੱਖਿਆ ਅਭਿਆਨ ਅਥਾਰਟੀ ਵਲੋਂ ਆਪਦੀ ਸੰਸਥਾ ਗੁਰੂ ਤੇਗ ਬਹਾਦਰ ਚੈਰੀਟੇਬਲ ਹੈਲਥ ਐਂਡ ਐਜੂਕੇਸ਼ਨ ਟਰੱਸਟ ਨੂੰ ਬਲੈਕ ਲਿਸਟ ਕਰਣ ਦਾ ਫੈਸਲਾ ਕੀਤਾ ਹੈ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: 24/3/2008/Ngo/Grant/Gsr/45745 ਮਿਤੀ: 8-07-2010

ਉਪਰੋਕਤ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਗੁਰਦਾਸਪੁਰ ਵਲੋਂ ਪ੍ਰਾਪਤ ਹੋਈ ਰਿਪੋਰਟ ਦੇ ਦੇ ਸਬੰਧ ਵਿਚ ਭੇਜਿਆ ਜਾਂਦਾ ਹੈ ਅਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਵਲੋਂ ਗੈਰ ਸਰਕਾਰੀ ਸੰਗਠਨ ਗੁਰੂ ਤੇਗ ਬਹਾਦਰ ਚੈਰੀਟੇਬਲ ਹੈਲਥ ਐਂਡ ਐਜੂਕੇਸ਼ਨ ਟਰੱਸਟ ਨੂੰ ਤੱਤਕਾਲ ਸਮੇਂ ਤੋਂ ਬਲੈਕ ਲਿਸਟ ਕੀਤਾ ਜਾਂਦਾ ਹੈ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: 24/3/2008/Ngo/Grant/Gsr/45746 ਮਿਤੀ: 8-07-2010

ਉਪਰੋਕਤ ਉਤਾਰਾ ਡਾਇਰੈਕਟਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪੰਜਾਬ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: 24/3/2008/Ngo/Grant/Gsr/45747 ਮਿਤੀ: 8-07-2010

ਉਪਰੋਕਤ ਦਾ ਉਤਾਰਾ ਸੱਕਤਰ ਸਕੂਲ ਸਿੱਖਿਆ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: 24/3/2008/Ngo/Grant/Gsr/45748 ਮਿਤੀ: 8-07-2010

ਉਪਰੋਕਤ ਦਾ ਉਤਾਰਾ ਨਿਲਮ ਰਾਓ, ਡਾਇਰੈਕਟਰ ਮਾਨਵ ਸੰਸਾਧਨ ਵਿਕਾਸ ਮੰਤਾਰਾਲਾ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਸ਼ਾਸਤਰੀ ਭਵਨ, ਨਵੀਂ ਦਿੱਲੀ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**